ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ — ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2024/ — ਮਿਤੀ:

2517
7/11/24

ਨੀ-1
7/11/24

ਵਿਖੇ,

ਸਮੂਹ ਬੀ.ਐਲ.ਓ,
091-ਭੁੱਚੋ ਮੰਡੀ (ਅ.ਜ),
ਵਿਧਾਨ ਸਭਾ ਹਲਕਾ।

ਵਿਸ਼ਾ:- **Revised Schedule of Special Summary Revision of Photo Electoral Rolls with reference to w.r.t 01.01.2025 as the qualifying date-reg.**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ: 01-01-2025 ਦੇ ਆਧਾਰ ਤੇ ਫੋਟੋ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਮਿਤੀ: 29-10-2024 ਤੋਂ ਸ਼ੁਰੂ ਹੋ ਚੁੱਕਾ ਹੈ। ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀ ਦਿੱਲੀ ਵੱਲੋ ਜਾਰੀ ਸ਼ਡਿਊਲ ਅਨੁਸਾਰ ਮਿਤੀ 09-11-2024 (ਸ਼ਨਿੱਚਵਾਰ) ਅਤੇ ਮਿਤੀ: 10-11-2024 (ਐਤਵਾਰ) ਅਤੇ ਮਿਤੀ: 23-11-2024 (ਸ਼ਨਿੱਚਵਾਰ) , ਮਿਤੀ: 24-11-2024 (ਐਤਵਾਰ) ਨੂੰ ਪੋਲਿੰਗ ਬੂਥਾਂ ਤੇ ਸਪੈਸ਼ਲ ਕੈਂਪ ਲਗਾਇਆ ਜਾਣਾ ਹੈ। ਇਸ ਸਬੰਧੀ ਸਮੂਹ ਬੂਥ ਲੈਵਲ ਅਫ਼ਸਰ ਸਪੈਸ਼ਲ ਕੈਂਪਾਂ ਦੀਆਂ ਨਿਸ਼ਚਿਤ ਮਿਤੀਆਂ ਨੂੰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਹਾਜਰ ਰਹਿਣਾ ਯਕੀਨੀ ਬਣਾਉਣਗੇ ਅਤੇ ਆਮ ਜਨਤਾ ਪਾਸੋ ਦਾਅਵੇ/ਇਤਰਾਜ ਪ੍ਰਾਪਤ ਕਰਨਗੇ।

ਸਪੈਸ਼ਲ ਕੈਂਪ ਦੌਰਾਨ ਭਰੇ ਗਏ ਫਾਰਮਾਂ ਦੀ ਸੂਚਨਾਂ ਨਿਮਨ ਪ੍ਰੋਫਾਰਮੇ ਵਿੱਚ ਸਪੈਸ਼ਲ ਕੈਂਪ ਦੀ ਨਿਸ਼ਚਿਤ ਕੀਤਆਂ ਗਈਆਂ ਮਿਤੀਆਂ ਵਾਲੇ ਦਿਨ ਸ਼ਾਮ ਨੂੰ 5.30 ਵਜੇ ਤੱਕ ਰਿਪੋਰਟ ਹਰ ਹਾਲਤ ਵਿੱਚ ਸਬੰਧਤ ਸੈਕਟਰ ਅਫ਼ਸਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਤੋ ਇਲਾਵਾ ਸਪੈਸ਼ਲ ਕੈਂਪ ਵਾਲੇ ਦਿਨ ਮੁੱਖ ਦਫ਼ਤਰ/ਰੋਲ ਅਬਜਰਵਰ/ਜਿਲ੍ਹਾ ਚੋਣ ਅਫ਼ਸਰ/ਵਧੀਕ ਜਿਲ੍ਹਾ ਚੋਣ ਅਫ਼ਸਰ/ਚੋਣ ਤਹਿਸੀਲਦਾਰ/ਚੋਣ ਕਾਨੂੰਗੋ, ਸੁਪਰਵਾਈਜ਼ਰ ਅਤੇ ਨਿਮਨਹਸਤਾਖਰ ਵੱਲੋ ਵੀ ਪੋਲਿੰਗ ਬੂਥਾਂ ਤੇ ਬੂਥ ਲੈਵਲ ਅਫ਼ਸਰਾਂ ਦੀ ਹਾਜਰੀ ਚੈਕ ਕੀਤੀ ਜਾਵੇਗੀ। ਗੈਰ ਹਾਜਰ ਪਾਏ ਗਏ ਬੂਥ ਲੈਵਲ ਅਫ਼ਸਰਾਂ ਵਿਰੁੱਧ ਚੋਣ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

| ਬੂਥ ਦਾ ਨੰ: | ਸਪੈਸ਼ਲ ਕੈਂਪ ਮਿਤੀ...................... ਦੌਰਾਨ ਪ੍ਰਾਪਤ ਹੋਏ ਫਾਰਮ ਨੰ: 6 | | | | | | | | ਫਾਰਮ ਨੰ: 6 ਏ | ਫਾਰਮ ਨੰ: 7 | | | | ਫਾਰਮ ਨੰ: 8 | | | |
|---|---|---|---|---|---|---|---|---|---|---|---|---|---|---|---|---|---|
| | 18-19 ਸਾਲ | | 19 ਸਾਲ ਤੋਂ ਵੱਧ | | ਕੁੱਲ ਪ੍ਰਾਪਤ ਹੋਏ ਫਾਰਮ ਨੰ: 6 | | | | | | | | | | | | |
| | ਪੁਰਸ਼ | ਇਸਤਰੀ | ਪੁਰਸ਼ | ਇਸਤਰੀ | ਪੁਰਸ | ਇਸਤਰੀ | ਹੈਡੀਕੈਂਪਡ | ਤੀਜਾ ਲਿੰਗ | | ਮੌਤ ਹੋਣ ਕਾਰਣ | ਸ਼ਿਫਟ ਹੋਣ ਕਾਰਨ | ਦੋਹਰੀ ਵੋਟ ਹੋਣ ਕਾਰਨ | ਹੋਰ ਕਾਰਨ | ਰਿਹਾਇਸ਼ ਬਦਲਣਾ | ਇੰਦਰਾਜਾਂ ਵਿੱਚ ਸੋਧ | ਵੋਟਰ ਫੋਟੋ ਸ਼ਨਾਖਤ ਕਾਰਡ ਜਾਰੀ ਕਰਨਾ | ਦਿਵਿਆਂਗ ਵਜੋ ਦਰਜ ਹੋਣ ਲਈ |
| | | | | | | | | | | | | | | | | | |

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: 1734-36 — ਮਿਤੀ: 06-11-24

ਉਪਰੋਕਤ ਦੀ ਨਕਲ ਹੇਠ ਲਿਖਿਆਂ ਨੂੰ:-

1) ਜਿਲ੍ਹਾ ਚੋਣ ਅਫ਼ਸਰ,ਬਠਿੰਡਾ ਜੀ ਨੂੰ ਉਨ੍ਹਾਂ ਦੇ ਦਫ਼ਤਰ ਦੇ ਪੱਤਰ ਨੰ: ਚੋਣ-2024/6421-26 ਮਿਤੀ: 04-11-2024 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜੀ ਜਾਂਦੀ ਹੈ।
2) ਸਮੂਹ ਸੁਪਰਵਾਈਜ਼ਰ, 091-ਭੁੱਚੋ ਮੰਡੀ (ਅ.ਜ), ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਦੀ ਪਾਲ੍ਹਣਾ ਕੀਤੀ ਜਾਵੇ ਅਤੇ ਆਪਣੇ ਨਾਲ ਸਬੰਧਤ ਸਮੂਹ ਬੀ.ਐਲ.ਓ ਵੱਲੋ ਉਕਤ ਪ੍ਰੋਫਾਰਮੇ ਤੇ ਰਿਪੋਰਟ ਪ੍ਰਾਪਤ ਕਰਕੇ ਕੰਪਾਈਲ ਰਿਪੋਰਟ ਨਿਮਨ ਪ੍ਰੋਫਾਰਮੇ ਵਿੱਚ ਸਪੈਸ਼ਲ ਕੈਂਪ ਦੀ ਨਿਸ਼ਚਿਤ ਕੀਤਆਂ ਗਈਆਂ ਮਿਤੀਆਂ ਵਾਲੇ ਦਿਨ ਸ਼ਾਮ ਨੂੰ 6.00 ਵਜੇ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਆਪ ਦੇ ਸੈਕਟਰ ਨਾਲ ਸਬੰਧਤ ਬੀ.ਐਲ.ਓ ਦੀ ਸਪੈਸ਼ਲ ਕੈਂਪ ਵਾਲੇ ਦਿਨ ਬੂਥਾਂ ਤੇ ਹਾਜਰੀ ਚੈਕ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੇਕਰ ਕੋਈ ਬੀ.ਐਲ.ਓ ਗੈਰ ਹਾਜਰ ਪਾਇਆ ਜਾਂਦਾ ਹੈ ਤਾਂ ਉਸ ਦੀ ਰਿਪੋਰਟ ਤੁਰੰਤ ਇਸ ਦਫ਼ਤਰ ਨੂੰ ਕੀਤੀ ਜਾਵੇ ਤਾਂ ਜੋ ਚੋਣ ਨਿਯਮਾਂ ਅਨੁਸਾਰ ਕਰਵਾਈ ਅਮਲ ਵਿੱਚ ਲਿਆਂਦੀ ਜਾਵੇ।
3) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਪ੍ਰਾਈਮਰੀ) ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਹੜੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਉਨ੍ਹਾਂ ਨੂੰ ਸਪੈਸ਼ਲ ਕੈਂਪ ਮਿਤੀ 09-11-2024 (ਸ਼ਨਿੱਚਵਾਰ) ਅਤੇ ਮਿਤੀ: 10-11-2024 (ਐਤਵਾਰ) ਅਤੇ ਮਿਤੀ: 23-11-2024 (ਸ਼ਨਿੱਚਵਾਰ) , ਮਿਤੀ: 24-11-2024 (ਐਤਵਾਰ) ਦੌਰਾਨ ਖੁੱਲ੍ਹਾ ਰੱਖਣਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4/1 ( )2024/ 6202 ਮਿਤੀ: 08/11/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ